# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਮਿਤੀ 10 ਸਤੰਬਰ, 2025 (ਬੁੱਧਵਾਰ) ਨੂੰ ਸਵੇਰੇ 11.30 ਵਜੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।

ਹਾਜ਼ਰ:-

1. ਪ੍ਰੋ. (ਡਾ.) ਕਰਮਜੀਤ ਸਿੰਘ,
   ਉਪ-ਕੁਲਪਤੀ . . . (ਸਭਾਪਤੀ)
2. ਡਾ. ਰਾਜੇਸ਼ ਕੁਮਾਰ, attended through online mode
   ਅਸਿਸਟੈਂਟ ਡਾਇਰੈਕਟਰ, ਉਚੇਰੀ ਸਿੱਖਿਆ, ਪੰਜਾਬ।
   (ਨੁਮਾਇੰਦਾ- ਸਕੱਤਰ, ਉਚੇਰੀ ਸਿੱਖਿਆ ਵਿਭਾਗ ਅਤੇ
   ਡਾਇਰੈਕਟਰ, ਉਚੇਰੀ ਸਿੱਖਿਆ (ਪੰਜਾਬ))
3. ਸ਼੍ਰੀ ਦਵਿੰਦਰ ਕੁਮਾਰ ਗੁਪਤਾ, attended through online mode
   ਲੀਗਲ ਰੀਮੈਂਬਰੈਂਸਰ, ਪੰਜਾਬ।
4. ਪ੍ਰੋ.(ਡਾ.) ਪਲਵਿੰਦਰ ਸਿੰਘ,
   ਡੀਨ, ਅਕਾਦਮਿਕ ਮਾਮਲੇ
5. ਪ੍ਰੋ.(ਡਾ.) ਅਨੁਪਮ ਮਹਾਜਨ attended through online mode
6. ਡਾ. ਅਮਰਜੀਤ ਸਿੰਘ ਸਿੱਧੂ
7. ਮਿਸ ਅਲਕਾ ਬਮੋਤਰਾ
8. ਮਿਸਿਜ਼ ਅੰਜੂ ਸ਼ਰਮਾ
9. ਡਾ. ਅਜਮੇਰ ਸਿੰਘ
10. ਡਾ. ਹਰਬਲਾਸ ਹੀਰਾ
11. ਡਾ. ਇੰਦਰਬੀਰ ਸਿੰਘ ਨਿੱਜਰ
12. ਡਾ. ਜਗਰਾਜ ਸਿੰਘ
13. ਡਾ. ਜਸਵਿੰਦਰ ਸਿੰਘ
14. ਸ. ਜਗਦੀਸ਼ ਸਿੰਘ
15. ਸ. ਜਸਪਾਲ ਸਿੰਘ ਢਿੱਲੋਂ
16. ਸ. ਜਤਿੰਦਰ ਸਿੰਘ ਔਲਖ
17. ਡਾ. ਕੁਲਜੀਤ ਕੌਰ
18. ਮਿਸਿਜ਼ ਕਿਰਨਜੀਤ ਬੱਲ
19. ਡਾ. ਲਖਵਿੰਦਰ ਸਿੰਘ
20. ਡਾ. ਮਨਮੋਹਨ ਸਿੰਘ
21. ਜਸਟਿਸ (ਰਿਟਾ.) ਐਮ.ਐਮ. ਐਸ. ਬੇਦੀ attended through online mode

22. ਡਾ. ਨਮਰਤਾ ਜੋਸ਼ੀ
23. ਡਾ. ਪੁਸ਼ਪਿੰਦਰਪਾਲ ਸਿੰਘ ਪੰਨੂ
24. ਡਾ. ਪਰਤਾਪ ਕੁਮਾਰ ਪਤੀ
25. ਡਾ. ਪਰਮਿੰਦਰ ਕੌਰ
26. ਪ੍ਰੋ.(ਡਾ.) ਰਘਵਿੰਦਰ ਪ੍ਰਤਾਪ ਸਿੰਘ — attended through online mode
27. ਡਾ. ਰੋਮੀ ਅਰੋੜਾ
28. ਮੇਜਰ ਜਨਰਲ ਸਰਬਜੀਤ ਸਿੰਘ ਪਵਾਰ — attended through online mode
29. ਡਾ.(ਮਿਸਿਜ਼) ਸਵਿੰਦਰ ਪਾਲ
30. ਡਾ. ਤਰਸੇਮ ਸਿੰਘ
31. ਡਾ. ਵਿਕਾਸ ਕੁਮਾਰ — attended through online mode
32. ਡਾ. ਯੂਬੀ ਗਿੱਲ
33. ਡਾ. ਕਰਮਜੀਤ ਸਿੰਘ ਚਾਹਲ,
    ਰਜਿਸਟਰਾਰ . . . (ਸਕੱਤਰ)

ਰਜਿਸਟਰਾਰ ਸਾਹਿਬ ਨੇ ਇੱਕਤਰਤਾ ਵਿਚ ਸ਼ਾਮਿਲ ਹੋਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।

ਪ੍ਰੋ. (ਡਾ.) ਕਰਮਜੀਤ ਸਿੰਘ, ਉਪ-ਕੁਲਪਤੀ

ਉਨ੍ਹਾਂ ਨੇ ਸਮੂਹ ਮੈਂਬਰ ਸਾਹਿਬਾਨ ਦਾ ਇਕੱਤਰਤਾ ਵਿਚ ਸ਼ਾਮਲ ਹੋਣ 'ਤੇ ਨਿੱਘਾ ਸਵਾਗਤ ਕੀਤਾ। ਉਨ੍ਹਾਂ ਨੇ ਹਾਊਸ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪੰਜਾਬ ਵਿਚ ਆਈ ਹੜ੍ਹ ਦੀ ਸਥਿਤੀ ਬਹੁਤ ਦੁਖਦਾਈ ਅਤੇ ਚਿੰਤਾਜਨਕ ਹੈ, ਜਿਸ ਨਾਲ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਪੰਜਾਬ ਸਰਕਾਰ ਅਤੇ ਹੋਰ ਕਈ ਸੰਸਥਾਵਾਂ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਮਿਲ ਕੇ ਕੰਮ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਸਾਡੀ ਯੂਨੀਵਰਸਿਟੀ ਨੇ ਵੀ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਸ ਮਕਸਦ ਲਈ ਯੂਨੀਵਰਸਿਟੀ ਦੀਆਂ ਟੀਚਿੰਗ ਐਸੋਸੀਏਸ਼ਨ ਅਤੇ ਨਾਨ-ਟੀਚਿੰਗ ਐਸੋਸੀਏਸ਼ਨ, ਨਾਲ ਵਿਚਾਰ ਵਟਾਂਦਰੇ ਉਪਰੰਤ ਇਕ ਰਾਹਤ ਫੰਡ ਦਾ ਗਠਨ ਕੀਤਾ ਗਿਆ ਹੈ।

ਡਾ. ਅਮਰਜੀਤ ਸਿੰਘ ਸਿੱਧੂ

ਉਨ੍ਹਾਂ ਦੱਸਿਆ ਕਿ ਪੈਨਸ਼ਨਰਜ਼ ਐਸੋਸੀਏਸ਼ਨ ਨੇ ਵੀ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਦੇ ਉਦੇਸ਼ ਲਈ ਇੱਕ ਦਿਨ ਦੀ ਪੈਨਸ਼ਨ ਦੀ ਰਕਮ ਦਾ ਯੋਗਦਾਨ ਕਰਨ ਦਾ ਫੈਸਲਾ ਲਿਆ ਹੈ।

ਪ੍ਰੋ. (ਡਾ.) ਕਰਮਜੀਤ ਸਿੰਘ, ਉਪ-ਕੁਲਪਤੀ

ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਨੇ ਖੇਡਾਂ ਦੇ ਖੇਤਰ ਵਿਚ ਵਧੀਆ ਪ੍ਰਦਰਸ਼ਨ ਕੀਤਾ ਹੈ, ਯੂਨੀਵਰਸਿਟੀ ਦੇ 8 Shooters ਨੇ ਕਜ਼ਾਕਿਸਤਾਨ ਵਿਚ ਹੋਈਆਂ 16ਵੀਂ ਏਸ਼ੀਅਨ ਖੇਡਾਂ ਵਿਚ 5 Individual Gold Medal, 6 Gold Medal ਅਤੇ ਇਕ Mixed Team Gold Medal ਜਿੱਤਿਆ ਹੈ। ਇਸ ਤੋਂ ਇਲਾਵਾ ਪਿਛਲੇ 3-4 ਮਹੀਨਿਆਂ ਦੌਰਾਨ CAS ਅਧੀਨ ਲਗਭਗ 70 ਅਧਿਆਪਕਾਂ ਦੀਆਂ ਤਰੱਕੀਆਂ ਕੀਤੀਆਂ ਗਈਆਂ ਹਨ, 12 ਨਵੇਂ ਅਧਿਆਪਕਾਂ ਦੀ ਨਿਯੁਕਤੀ ਕੀਤੀ ਗਈ ਹੈ ਅਤੇ ਨਾਨ-ਟੀਚਿੰਗ ਕਰਮਚਾਰੀਆਂ ਦੀਆਂ ਪ੍ਰੋਮੋਸ਼ਨਾਂ ਅਤੇ ਰਹਿੰਦੀ ਭਰਤੀ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦਾ ਝੁਕਾਅ ਸਾਡੀ ਯੂਨੀਵਰਸਿਟੀ ਵੱਲ ਵਧ ਰਿਹਾ ਹੈ। ਯੂਨੀਵਰਸਿਟੀ ਵਿਚ ਵੱਖ-ਵੱਖ ਕੋਰਸਾਂ ਲਈ ਉਪਲੱਬਧ ਸਾਰੀਆਂ ਸੀਟਾਂ ਲਈ ਦੁਗਣੇ ਤੋਂ ਵੱਧ ਅਰਜ਼ੀ ਫਾਰਮ ਪ੍ਰਾਪਤ ਹੋਏ ਹਨ, ਜੋ ਕਿ ਪਿਛਲੇ ਸਾਲ ਨਾਲੋਂ ਕਾਫੀ ਵੱਧ ਹਨ। ਯੂਨੀਵਰਸਿਟੀ ਕੋਲ ਵਿਦਿਆਰਥੀਆਂ ਦੀ ਘਾਟ ਨਹੀਂ ਹੈ, ਪਰ ਸਾਨੂੰ ਬੁਨਿਆਦੀ ਢਾਂਚੇ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਡਾ. ਇੰਦਰਬੀਰ ਸਿੰਘ ਨਿੱਜਰ, ਐਮ.ਐਲ.ਏ. ਨੂੰ ਯੂਨੀਵਰਸਿਟੀ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਨੂੰ ਸਿਫਾਰਸ਼ ਕਰਨ ਲਈ ਬੇਨਤੀ ਕੀਤੀ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵਿਚ ਵੱਡੀ ਗਿਣਤੀ ਵਿਚ ਦਾਖਲੇ ਹੋਏ ਹਨ ਅਤੇ ਵਿਦਿਆਰਥੀਆਂ ਨੂੰ ਐਡਜਸਟ ਕਰਨ ਲਈ ਤਿੰਨ ਹੋਸਟਲਾਂ ਦੇ ਨਿਰਮਾਣ ਲਈ ਪੰਜਾਬ ਸਰਕਾਰ ਤੋਂ ਗ੍ਰਾਂਟ ਲੈਣ ਵਾਸਤੇ ਅਰਜ਼ੀ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦੇ ਪ੍ਰਬੰਧਕੀ ਬਲਾਕ ਦੀ ਇਮਾਰਤ ਜਿੱਥੇ ਕਿ ਭਾਰੀ ਬਾਰਿਸ਼ ਵਿਚ ਛੱਤਾਂ ਲੀਕ ਹੋ ਰਹੀਆਂ ਹਨ, ਨੂੰ ਸੁਧਾਰਨ ਲਈ ਪੈਸੇ ਦੀ ਲੋੜ ਹੈ, ਪ੍ਰਬੰਧਕੀ ਬਲਾਕ ਵਿਚ ਬਹੁਤ ਜ਼ਿਆਦਾ ਮੁਰੰਮਤ ਦੀ ਲੋੜ ਹੈ।

ਉਪ-ਕੁਲਪਤੀ ਜੀ ਨੇ ਦੱਸਿਆ ਕਿ ਅਧਿਆਪਕਾਂ ਅਤੇ ਬਾਕੀ ਸਟਾਫ਼ ਦੇ ਬਹੁਤ ਸਾਰੇ Pending ਐਡਵਾਂਸ ਐਡਜਸਟ ਕਰ ਦਿੱਤੇ ਗਏ ਹਨ, ਕਿਉਂ ਕਿ ਇਸ ਨਾਲ ਸੇਵਾ-ਮੁਕਤ ਅਧਿਆਪਕਾਂ ਅਤੇ ਕਰਮਚਾਰੀਆਂ, ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਯੂਨੀਵਰਸਿਟੀ ਦੀ ਸੇਵਾ ਲਈ ਸਮਰਪਿਤ ਕੀਤੀ ਹੈ, ਦੇ ਬਕਾਏ ਦਾ ਭੁਗਤਾਨ ਕਰਨ ਵਿਚ ਮੁਸ਼ਕਲ ਆ ਰਹੀ ਸੀ, ਉਨ੍ਹਾਂ ਨੂੰ ਬਕਾਏ ਦਿੱਤੇ ਜਾ ਰਹੇ ਹਨ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**Confirmation of Proceedings of the meeting of the Senate dated 24.3.2025.**

1. To confirm the Proceedings of meeting of the Senate dated 24.3.2025.

**Confirmed.**

**Action taken on the decisions of the Senate in its meeting dated 24.3.2025.**

2. All concerned Departments/Branches have been duly informed about the various decisions taken by the Senate in its meeting dated 24.3.2025.

**Approved.**

**54th Annual Report 2023-24.**

3. To consider the 54th Annual Report 2023-24.

**Approved.**

**To elect three persons for the Syndicate by the Senate from amongst its members for the period of 1.7.2025 to 30.6.2026.**

4. To elect three persons for the Syndicate by the Senate from amongst its members, for the period of **1.7.2025 to 30.6.2026** under section 14(1)(viii) of Guru Nanak Dev University Act.

**The Senate unanimously authorized the Vice Chancellor to elect three persons for Syndicate out of members of the Senate for the period of 1.7.2025 to 30.6.2026 under section 14(1)(viii) of Guru Nanak Dev University Act.**

**Recommendations of the meeting of the Syndicate dated 27.6.2025 .**

**5. To consider the following recommendations of the meeting of the Syndicate dated 27.6.2025 :**

I. Sikh Studies Chair has been established in the Guru Nanak Dev University, Amritsar, as per MoU, as per **Appendix**, signed between Guru Nanak Dev University, Amritsar, India and Law Office of Jaspreet Singh, New York, USA.

**(Syndicate Para 2.12)**

II. Permission for Establishing an Offshore Campus of Guru Nanak Dev University, Amritsar in California, USA, as per proposal of the Director, Global Ranking and International Collaborations Cell, as per **Appendix**.

**(Syndicate Para 2.19)**

III. Amendment in the change of nomenclature as **Bachelor of Arts (Honours) Social Sciences (CBEGS)** replaced with Master of Arts in Social Sciences (Development Studies) (FYIP) (CBEGS) instead of **Bachelor of Arts (Honours) Social Studies (CBGS)** replaced with Master of Arts in Social Sciences (Development Studies) (FYIP) (CBEGS).

**(Syndicate Para 4.1)**

IV. To change the nomenclature of **Diploma in Dress Designing & Tailoring** to **Certificate in Dress Designing &Tailoring** from the Batch 2025-26.

**(Syndicate Para 4.2)**

V. To start new programme **B.Tech. (Artificial Intelligence and Machine Learning) (Four Years) and M.Tech. (Artificial Intelligence and Data Science) (Two Years)** at Surjit Patar Centre for Ethical AI from the academic session 2025-26.

**(Syndicate Para 4.3)**

VI. To start new programmes **Master of Arts in Hindustani Music (Vocal) (CBEGS)** and **Master of Arts in Hindustani Music (Instrumental) (CBEGS)** instead of **Master of Arts in Hindustani Music (Vocal/ Instrumental) (CBEGS)** w.e.f. Batch 2025.

**(Syndicate Para 4.5)**

VII. To continue **Master of Performing Arts in Music (Instrumental) (CBEGS)** w.e.f. Batch 2025.

**(Syndicate Para 4.6)**

**VIII.** To Start a new Multidisciplinary Course- "Basic First Aid and Emergency Care" in the even semester from the academic session 2025-26 in the Department of Molecular Biology and Biochemistry.

**(Syndicate Para 4.8)**

**IX.** On the request of the Pro-Chancellor, Khalsa University , Amritsar:-

1. to cancel the decision of the Syndicate approved in its meeting dated 24.3.2025 vide Para No. 4.2 ('S') which was also approved by the Senate in its meeting dated 24.3.2025 vide Para No.5 (III) ('S') in which the step-wise disaffiliation was granted to Khalsa College for Women, Amritsar w.e.f. session 2025-26.
2. to continue affiliation of Khalsa College for Women, Amritsar with Guru Nanak Dev University, Amritsar.

**(Syndicate Para 5.2)**

**X.** Allowed admissions for B.A.B.Ed./B.Sc.B.Ed. (Four Years Integrated degree Programmes) in the following colleges for the academic session 2025-26

1. Khalsa College of Education, Amritsar.
2. Khalsa College of Education, Ranjit Avenue, Amritsar.
3. Doaba College, Jalandhar.
4. Prem Chand Markanda S.D. College for Women, Jalandhar.

**(Syndicate Para 5.10)**

**XI.** The recommendations of the committee dated 16.5.2025, as per **Appendix**, to start Ph.D. Programme and to establish research centers in the colleges affiliated to Guru Nanak Dev University, Amritsar.

**(Syndicate Para 5.12)**

**XII.** To award Honoris Causa Doctorate Degree at 50th Annual Convocation of the University to the following dignitary for his remarkable contribution in the respective field:-

| | |
|---|---|
| S. Jasvir Gill, CEO, Alert Enterprise, Inc., 4350 Starboard Drive, Fremont, CA 94538. | Doctor of Engineering - In the Faculty of Engineering & Technology |

**(Syndicate Para 8.1)**

**Approved.**

**To award the degrees on 50th Convocation.**

6. To consider the following candidates for the award of degrees on 50th Convocation, which is approved by the Vice Chancellor in anticipation of approval of the Syndicate:-

| Sr. No. | Examination | Degree Awarded to the Candidates | Date of Declaration of Result |
|---|---|---|---|
| 1. | All Examinations (Except vocational courses) | First Position holders along with Medals | Till May/2023 pass-out. |
| 2. | Ph.D. | All Candidates | Notification three days before Convocation. |

**Approved.**

7. ਏਜੰਡਾ ਖਤਮ ਹੋਣ ਉਪਰੰਤ ਆਮ ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰ ਸਾਹਿਬਾਨ ਵੱਲੋਂ ਹੇਠ ਲਿਖੇ ਅਨੁਸਾਰ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ:

ਡਾ. ਲਖਵਿੰਦਰ ਸਿੰਘ

ਉਨ੍ਹਾਂ ਕਿਹਾ ਕਿ ਜਿਵੇਂ ਕਿ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੀ ਗਿਣਤੀ ਵਧੀ ਹੈ, ਇਸ ਲਈ ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਵਿਦਿਆਰਥੀਆਂ ਨੂੰ ਕੁਆਲਿਟੀ ਐਜੂਕੇਸ਼ਨ ਪ੍ਰਦਾਨ ਕਰੀਏ ਤਾਂ ਜੋ ਉਹ ਵਧੀਆ ਨੰਬਰ ਲੈ ਕੇ ਪਾਸ ਹੋਣ ਅਤੇ ਵਿਦਿਆਰਥੀਆਂ ਦੀ ਹੋਰ ਜ਼ਿਆਦਾ ਗਿਣਤੀ ਵਿਚ ਪਲੇਸਮੈਂਟ ਹੋਵੇ।

ਡਾ. ਇੰਦਰਬੀਰ ਸਿੰਘ ਨਿੱਜਰ

ਉਨ੍ਹਾਂ ਕਿਹਾ ਕਿ ਜੇਕਰ ਪੀਐਚ.ਡੀ. ਕਰਵਾਉਣ ਦਾ ਅਧਿਕਾਰ ਕਾਲਜਾਂ ਨੂੰ ਵੀ ਦਿੱਤਾ ਜਾ ਰਿਹਾ ਹੈ ਤਾਂ ਕੀ ਉਸ ਦੀ ਮਾਨਤਾ ਯੂਨੀਵਰਸਿਟੀ ਦੇ ਬਰਾਬਰ ਹੀ ਰੱਖੀ ਜਾਵੇਗੀ?

ਉਪ-ਕੁਲਪਤੀ ਜੀ ਨੇ ਦੱਸਿਆ ਕਿ ਪੀਐਚ.ਡੀ. ਸਬੰਧੀ Guidelines ਯੂ.ਜੀ.ਸੀ. ਵੱਲੋਂ ਜਾਰੀ ਕੀਤੀਆਂ ਜਾਂਦੀਆਂ ਹਨ। ਪੀਐਚ.ਡੀ. ਕਾਲਜਾਂ ਨੂੰ ਅਲਾਟ ਕੀਤੀ ਜਾਵੇਗੀ, ਪਰ ਇਸਦਾ ਦਾਖਲਾ ਅਤੇ ਮੁਲਾਂਕਣ ਪ੍ਰਕ੍ਰਿਆ ਯੂਨੀਵਰਸਿਟੀ ਦੁਆਰਾ ਹੀ ਕੀਤਾ ਜਾਵੇਗਾ।

ਡਾ. ਅਮਰਜੀਤ ਸਿੰਘ ਸਿੱਧੂ

ਉਨ੍ਹਾਂ ਨੇ ਕਿਹਾ ਕਿ ਕਾਲਜ ਅਧਿਆਪਕਾਂ ਨੂੰ CAS ਅਧੀਨ ਪ੍ਰੋਮੋਸ਼ਨ ਲਈ ਪੀਐਚ.ਡੀ. ਵਿਦਿਆਰਥੀਆਂ ਨੂੰ Guide ਕਰਨ ਦੀ ਸ਼ਰਤ ਵੀ ਲਾਜ਼ਮੀ ਹੈ। ਜ਼ਿਆਦਾਤਰ ਅਧਿਆਪਕਾਂ ਨੇ ਯੂਨੀਵਰਸਿਟੀ ਤੋਂ ਆਪਣੀ ਪੀਐਚ.ਡੀ. ਕੀਤੀ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਬਿਨ੍ਹਾਂ ਕਿਸੇ Standard ਦੇ ਪੀਐਚ.ਡੀ. ਡਿਗਰੀਆਂ ਦੇ ਰਹੀਆਂ ਹਨ। ਇਸ ਲਈ ਇਹ ਕੋਰਸ ਸਿਰਫ ਨਾਮਵਰ ਕਾਲਜਾਂ ਨੂੰ ਅਲਾਟ ਕਰਨਾ ਇੱਕ ਚੰਗਾ ਕਦਮ ਹੈ।

ਸ. ਜਗਦੀਸ਼ ਸਿੰਘ

ਉਨ੍ਹਾਂ ਨੇ ਉਪ-ਕੁਲਪਤੀ ਜੀ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਕੀਤੇ ਜਾਣ ਵਾਲੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹਾ ਹੋਣਾ ਚਾਹੀਦਾ ਹੈ ਕਿ ਜੋ ਵੀ ਵਿਦਿਆਰਥੀ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕਰੇ, ਉਸ ਦੀ ਪੜ੍ਹਾਈ ਦੀ ਕੁਆਲਿਟੀ ਉਤਮ ਹੋਏ, ਜੋ ਵੀ ਤੁਸੀਂ ਕਰੋ ਵਧੀਆ ਕਰੋ। ਅਧਿਆਪਕ ਵੀ ਇਸ ਤਰ੍ਹਾਂ ਪੜ੍ਹਾਉਣ ਕਿ ਵਿਦਿਆਰਥੀ ਦੀ ਪੜ੍ਹਾਈ ਦੀ ਕੁਆਲਿਟੀ ਵਧੀਆ ਹੋਵੇ।

ਡਾ. ਅਮਰਜੀਤ ਸਿੰਘ ਸਿੱਧੂ

ਉਨ੍ਹਾਂ ਕਿਹਾ ਕਿ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਨੂੰ ਦਿੱਤੀ ਜਾਣ ਵਾਲੀ ਸਰਕਾਰੀ ਗ੍ਰਾਂਟ ਵਿਚ ਅੰਤਰ ਘੱਟ ਸੀ। ਜਦੋਂ ਪੰਜਾਬੀ ਯੂਨੀਵਰਸਿਟੀ ਸੰਕਟ ਵਿਚ ਸੀ ਤਾਂ ਉਨ੍ਹਾਂ

ਦੀ ਗ੍ਰਾਂਟ ਚਾਰ ਗੁਣਾ ਵਧ ਗਈ ਪਰ ਸਾਡੀ ਯੂਨੀਵਰਸਿਟੀ ਦੀ ਗ੍ਰਾਂਟ ਨਹੀਂ ਵਧੀ। ਉਨ੍ਹਾਂ ਡਾ. ਇੰਦਰਬੀਰ ਸਿੰਘ ਨਿੱਜਰ ਨੂੰ ਅਨੁਪਾਤਕ ਤੌਰ 'ਤੇ ਗ੍ਰਾਂਟ ਜਾਰੀ ਕਰਨ ਲਈ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੀ ਗਿਣਤੀ ਵਧਣ ਨਾਲ ਵਿਦਿਆਰਥੀਆਂ ਨੂੰ ਹੋਸਟਲਾਂ ਵਿਚ ਕਮਰੇ ਨਹੀਂ ਮਿਲ ਰਹੇ ਜਿਸ ਕਾਰਨ ਉਹ ਪੀ.ਜੀ. ਵਿਚ ਰਹਿ ਰਹੇ ਹਨ ਅਤੇ ਯੂਨੀਵਰਸਿਟੀ ਦੇ ਵਧੀਆ ਮਾਹੌਲ ਤੋਂ ਉਹ ਵਾਂਝੇ ਰਹਿ ਜਾਣਗੇ। ਉਹ ਸਰਕਾਰ ਨੂੰ ਬੇਨਤੀ ਕਰਦੇ ਹਨ ਕਿ ਯੂਨੀਵਰਸਿਟੀ ਨੂੰ ਹੋਰ ਗ੍ਰਾਂਟ ਪ੍ਰਦਾਨ ਕੀਤੀ ਜਾਵੇ ਤਾਂ ਜੋ ਹੋਸਟਲਾਂ ਦਾ ਨਿਰਮਾਣ ਕੀਤਾ ਜਾ ਸਕੇ। ਉਨ੍ਹਾਂ ਸੁਝਾਅ ਦਿੱਤਾ ਕਿ ਹੜ੍ਹ ਪ੍ਰਭਾਵਿਤ ਵਿਦਿਆਰਥੀਆਂ ਦੀ ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਵੱਲੋਂ ਮਦਦ ਕੀਤੀ ਜਾਣੀ ਚਾਹੀਦੀ ਹੈ, ਉਨ੍ਹਾਂ ਦੀ ਮਦਦ ਲਈ ਐਸ.ਸੀ. ਪੋਸਟ ਮੈਟ੍ਰਿਕ ਸਕਾਲਰਸ਼ਿਪ ਵਰਗੀ ਕੋਈ ਹੋਰ ਯੋਜਨਾ ਸ਼ੁਰੂ ਕੀਤੀ ਜਾ ਸਕਦੀ ਹੈ, ਤਾਂ ਜੋ ਅਜਿਹੇ ਵਿਦਿਆਰਥੀ ਆਪਣੀ ਪੜ੍ਹਾਈ ਜਾਰੀ ਰੱਖ ਸਕਣ।

ਡਾ. ਇੰਦਰਬੀਰ ਸਿੰਘ ਨਿੱਜਰ

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਬਹੁਤ ਵਧੀਆ ਕੰਮ ਕਰ ਰਹੀ ਹੈ ਅਤੇ ਹੋਰ ਗ੍ਰਾਂਟ ਦੀ ਹੱਕਦਾਰ ਹੈ, ਉਨ੍ਹਾਂ ਭਰੋਸਾ ਦਿੱਤਾ ਕਿ ਉਹ ਇਸ ਮਾਮਲੇ ਦੀ ਸਿਫਾਰਸ਼ ਸਰਕਾਰ ਨੂੰ ਕਰਨਗੇ।

ਡਾ. ਅਮਰਜੀਤ ਸਿੰਘ ਸਿੱਧੂ

ਉਨ੍ਹਾਂ ਕਿਹਾ ਕਿ ਅਕਾਦਮਿਕ ਸਟਾਫ ਕਾਲਜ ਦੇ ਕੋਰਸ offline mode ਵਿਚ ਹੋਣੇ ਚਾਹੀਦੇ ਹਨ ਕਿਉਂਕਿ ਜ਼ਿਆਦਾਤਰ ਅਧਿਆਪਕ ਇਹ ਕੋਰਸ ਸਿਰਫ ਸਰਟੀਫਿਕੇਟ ਲੈਣ ਲਈ ਕਰਦੇ ਹਨ। ਉਹ ਕੋਰਸਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ, ਜੋ ਕਿ ਇਨ੍ਹਾਂ online ਕੋਰਸਾਂ ਦਾ ਨੁਕਸਾਨ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੀ.ਐਚ.ਡੀ. Viva-voce ਵੀ offline mode ਵਿਚ ਹੋਣਾ ਚਾਹੀਦਾ ਹੈ।

ਪ੍ਰੋ. (ਡਾ.) ਕਰਮਜੀਤ ਸਿੰਘ, ਉਪ-ਕੁਲਪਤੀ

ਉਨ੍ਹਾਂ ਦੱਸਿਆ ਕਿ ਪੀਐਚ.ਡੀ. Viva-voce offline mode ਵਿਚ ਕਰ ਦਿੱਤਾ ਗਿਆ ਹੈ ਅਤੇ ਅਕਾਦਮਿਕ ਸਟਾਫ ਕਾਲਜ ਦੇ ਕੋਰਸ ਯੂ.ਜੀ.ਸੀ. ਦੁਆਰਾ ਫੰਡ ਕੀਤੇ ਜਾਂਦੇ ਹਨ ਅਤੇ ਯੂ.ਜੀ.ਸੀ. ਦੀਆਂ Guidelines ਅਨੁਸਾਰ ਕੀਤੇ ਜਾਂਦੇ ਹਨ। ਯੂ.ਜੀ.ਸੀ. ਵੱਲੋਂ ਹੀ ਦੱਸਿਆ ਜਾਂਦਾ ਹੈ ਕਿ ਕਿੰਨੇ ਕੋਰਸ Online mode ਵਿਚ ਕਰਵਾਏ ਜਾਣੇ ਹਨ ਅਤੇ ਕਿੰਨੇ ਕੋਰਸ offline ਕਰਵਾਏ ਜਾਣੇ ਹਨ, ਅਸੀਂ ਇਸ ਨੂੰ ਨਹੀਂ ਬਦਲ ਸਕਦੇ।

ਡਾ. ਪ੍ਰਤਾਪ ਕੁਮਾਰ ਪਤੀ

ਉਨ੍ਹਾਂ ਨੇ ਉਪ-ਕੁਲਪਤੀ ਜੀ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ offshore campus ਕੈਲੀਫੋਰਨੀਆ, ਯੂ.ਐਸ.ਏ. ਵਿਖੇ ਖੋਲ੍ਹਣ ਸਬੰਧੀ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾਂ ਕੀਤੀ।

ਡਾ. ਰਘਵੇਂਦਰ ਪ੍ਰਤਾਪ ਸਿੰਘ

ਉਨ੍ਹਾਂ ਨੇ ਉਪ-ਕੁਲਪਤੀ ਸਾਹਿਬ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।

ਜਸਟਿਸ ਐਮ.ਐਮ.ਐਸ. ਬੇਦੀ

ਉਨ੍ਹਾਂ ਕਿਹਾ ਕਿ ਉਹ ਇਸ ਵਿਦਿਅਕ ਸੰਸਥਾ ਦੇ ਸੰਪਰਕ ਵਿਚ ਆ ਕੇ ਬਹੁਤ ਖੁਸ਼ ਹਨ।

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

1/10
(Karamjit Singh Chahal)
Registrar

**Confirmed**

6/10
(Karamjeet Singh)
Vice Chancellor